ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ,
ਦਫਤਰ ਐਸ.ਸੀ.ਈ.ਆਰ.ਟੀ ਪੰਜਾਬ।
ਬਲਾਕ-ਈ , ਛੇਵੀ ਮੰਜਿਲ , ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ-8 ਐਸ.ਏ.ਐਸ ਨਗਰ।
ਫੋਨ ਨੰਬਰ : 0172-2212221, ਫੈਕਸ ਨੰ : 0172-2212793

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਪੰਜਾਬ।

117

ਮੀਮੋ ਨੰ :-102/2-2015 -ਡਿਗਾਗਬਿ-125-145
ਐਸ.ਏ.ਐਸ ਨਗਰ ਮਿਤੀ :- 28-4-2017

**ਵਿਸ਼ਾ :- ਗਾਈਡੈਂਸ ਗਤੀਵਿਧੀਆਂ ਸਬੰਧੀ ਕ੍ਰਿਆਵਾਂ ਲਈ ਸੀ.ਜੀ.ਆਰ.ਪੀ ਜਾਂ ਸਰਟੀਫਿਕੇਟ/ਡਿਪਲੋਮਾ ਕੋਰਸ ਇੰਨ ਗਾਈਡੈਂਸ ਐਂਡ ਕਾਉਂਸਲਿੰਗ ਅਧਿਆਪਕਾਂ ਲਈ ਹਦਾਇਤਾਂ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਗਾਈਡੈਂਸ ਕ੍ਰਿਆਵਾਂ ਨੂੰ ਵਧੇਰੇ ਸੁਚੱਜੇ ਢੰਗ ਨਾਲ ਚਲਾਉਣ ਲਈ ਗਾਈਡੈਂਸ ਗਤੀਵਿਧੀਆਂ ਕਰਵਾਉਣ ਲਈ ਬਣਾਈ ਗਈ ਕਾਰਜ ਯੋਜਨਾ ਅਨੁਸਾਰ ਸੀ.ਜੀ.ਆਰ.ਪੀਜ ਨੂੰ ਕੰਮ ਸੌਂਪਣ ਦੀ ਲੋੜ ਹੈ। ਸਾਲ 2015-16 ਦੌਰਾਨ 300 ਕੈਰੀਅਰ ਗਾਈਡੈਂਸ ਰਿਸੋਰਸ ਪਰਸਨਜ ਨੇ ਮੈਗਸੀਪਾ ਤੋਂ ਟ੍ਰੇਨਿੰਗ ਪ੍ਰਾਪਤ ਕੀਤੀ ਸੀ ਅਤੇ ਬਹੁਤ ਸਾਰੇ ਅਜਿਹੇ ਅਧਿਆਪਕ ਹਨ, ਜਿਹਨਾਂ ਨੇ ਸਰਟੀਫਿਕੇਟ/ਡਿਪਲੋਮਾ ਕੋਰਸ ਇੰਨ ਗਾਈਡੈਂਸ ਐਂਡ ਕਾਉਂਸਲਿੰਗ (ਇਗਨੂੰ) ਵੀ ਕੀਤਾ ਹੋਇਆ ਹੈ। ਰਾਜ ਦੇ ਸਕੂਲਾਂ ਵਿੱਚ ਤੈਨਾਤ ਟ੍ਰੇਨਿੰਗ ਅਤੇ ਟੂਰ ਪ੍ਰਾਪਤ ਸੀ.ਜੀ.ਆਰ.ਪੀ ਜਾਂ ਸਰਟੀਫਿਕੇਟ/ਡਿਪਲੋਮਾ ਕੋਰਸ ਇੰਨ ਗਾਇਡੈਂਸ ਐਂਡ ਕਾਉਂਸਲਿੰਗ ਅਧਿਆਪਕ ਨੂੰ ਹੀ ਗਾਈਡੈਂਸ ਕਮੇਟੀ ਦਾ ਮੈਂਬਰ ਬਣਾਇਆ ਜਾਵੇ ਅਤੇ ਗਾਈਡੈਂਸ ਸਬੰਧੀ ਸਾਰੇ ਕੰਮ ਅਤੇ ਡਿਊਟੀਆਂ ਇਹਨਾਂ ਅਧਿਆਪਕਾਂ ਨੂੰ ਹੀ ਸੌਂਪੀਆਂ ਜਾਣ ਕਿਉਕਿ ਸੀ.ਜੀ.ਆਰ.ਪੀਜ ਨੂੰ ਮੈਗਸੀਪਾ ਤੋਂ ਟ੍ਰੇਨਿੰਗ ਕਰਵਾਉਣ ਲਈ ਅਤੇ ਵੱਖ-2 ਵਿਦਿਅਕ ਅਤੇ ਵਿਵਸਾਇਕ ਸੰਸਥਾਵਾਂ ਦਾ ਟੂਰ ਕਰਵਾਉਣ ਤੇ ਪੰਜਾਬ ਸਰਕਾਰ ਦਾ ਬਹੁਤ ਪੈਸਾ ਖਰਚ ਹੋਇਆ ਹੈ। ਇਸ ਲਈ ਇਹਨਾਂ ਦੀਆਂ ਸੇਵਾਵਾਂ ਲੈਣਾ ਯਕੀਨੀ ਬਣਾਇਆ ਜਾਵੇ। ਜੇਕਰ ਕਿਸੇ ਸਕੂਲ ਵਿੱਚ ਟ੍ਰੇਨਿੰਗ ਅਤੇ ਟੂਰ ਪ੍ਰਾਪਤ ਸੀ.ਜੀ.ਆਰ.ਪੀ ਜਾਂ ਸਰਟੀਫਿਕੇਟ/ਡਿਪਲੋਮਾ ਕੋਰਸ ਇੰਨ ਗਾਇਡੈਂਸ ਐਂਡ ਕਾਉਂਸਲਿੰਗ ਅਧਿਆਪਕ ਨਹੀ ਹੈ ਤਾਂ ਕਿਸੇ ਵੀ ਅਧਿਆਪਕ ਨੂੰ ਗਾਈਡੈਂਸ ਗਤੀਵਿਧੀਆਂ ਸਬੰਧੀ ਕੰਮ ਸੌਂਪਿਆ ਜਾਵੇ। ਇਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਐਸ.ਸੀ.ਈ.ਆਰ.ਟੀ
ਪੰਜਾਬ, ਐਸ.ਏ.ਐਸ ਨਗਰ।

ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ)ਅੰਮ੍ਰਿਤਸਰ
ਈ ਮੇਲ: pes.amr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ :ਗਾਈਡੈਂਸ/ਅੰਮ੍ਰਿਤਸਰ/27 ਮਿਤੀ : 02/05/2017

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਸਕੂਲਾਂ ਦੇ ਪ੍ਰਿੰਸੀਪਲ/ਹੈਡਮਾਸਟਰ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ.)
ਅੰਮ੍ਰਿਤਸਰ 2/5/2017